# ਔਰਤਾਂ ਦੀ ਸੁਰੱਖਿਆ ਤੇ ਅਧਿਕਾਰਾਂ ਦੇ ਮੁੱਦਿਆਂ 'ਤੇ ਵਿਦਿਆਰਥੀਆਂ ਨੇ ਦਿਖਾਇਆ ਜੋਸ਼

## ਜੀ. ਐੱਨ. ਡੀ. ਯੂ. ਰਿਜਨਲ ਕੈਂਪਸ ਲੱਧੇਵਾਲੀ 'ਚ ਮਨਾਇਆ ਮਹਿਲਾ ਦਿਵਸ



ਸਮਾਰੋਹ ਦੌਰਾਨ ਹਾਜ਼ਰੀਨ ਨੂੰ ਸੰਬੋਧਨ ਕਰਦੀ ਇਕ ਵਿਦਿਆਰਥਣ ਅਤੇ (ਸੱਜੇ) ਮੁਕਾਬਲਿਆਂ 'ਚ ਹਿੱਸਾ ਲੈਣ ਵਾਲੀਆਂ ਵਿਦਿਆਰਥਣਾਂ।

ਜਲੰਧਰ, 8 ਮਾਰਚ (ਸੁਮਿਤ)-ਜੀ.ਐੱਨ. ਡੀ. ਯੂ. ਰੀਜਨਲ ਕੈਂਪਸ ਜਲੰਧਰ ਦੇ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਭਾਗ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮਹੱਤਵਪੂਰਨ ਮੌਕੇ 'ਤੇ ਇਸ ਦਿਵਸ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਵੱਖ-ਵੱਖ ਤੌਰ 'ਤੇ ਸ਼ਾਨਦਾਰ ਸਮਾਗਮ ਆਯੋਜਿਤ ਕੀਤਾ ਗਿਆ। ਇੰਜੀਨੀਅਰ ਡਿਪਾਰਟਮੈਂਟ 'ਚ ਸਮਾਰੋਹ ਦਾ ਉਦਘਾਟਨ ਡਾ. ਹਰਮਿੰਦਰ ਕੌਰ ਵੱਲੋਂ ਸਮਾਜ 'ਚ ਔਰਤਾਂ ਦੀ ਭੂਮਿਕਾ ਨੂੰ ਉਜਾਗਰ ਕਰਨ ਅਤੇ ਮਹਿਲਾ ਸਸ਼ਕਤੀਕਰਨ ਦੇ ਪਹਿਲੂਆਂ 'ਤੇ ਜ਼ੋਰ ਦੇਣ ਵਾਲੇ ਭਾਸ਼ਣ ਨਾਲ ਕੀਤਾ ਗਿਆ, ਜੋ ਕਿ ਇਸ ਸਮਾਗਮ ਦਾ ਵਿਸ਼ਾ ਸੀ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਦੀਪਕਮਲ ਰੰਧਾਵਾ ਸਨ।

ਇਸ ਸਮਾਗਮ 'ਚ ਵੱਖ-ਵੱਖ ਗਤੀਵਿਧੀਆਂ ਜਿਵੇਂ ਪੋਸਟਰ ਮੇਕਿੰਗ, ਐਕਸਟੇਮਪੋਰ, ਕਾਵਿਕ ਪਾਠ ਅਤੇ ਡਾਂਸ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਔਰਤਾਂ ਦੇ ਪੋਸ਼ਣ, ਅਧਿਕਾਰਾਂ ਅਤੇ ਸੁਰੱਖਿਆ ਦੇ ਮੁੱਦਿਆਂ ਦੇ ਮੱਦੇਨਜ਼ਰ ਬਹੁਤ ਜੋਸ਼ ਦਿਖਾਇਆ ਅਤੇ ਬਹੁਤ ਸਾਰਾ ਗਿਆਨ ਪ੍ਰਾਪਤ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾ. ਸ਼ੀਤਲ ਕਾਲੜਾ, ਡਾ. ਪੰਕਜ ਦੀਪ ਕੌਰ, ਡਾ. ਹਿਮਾਲੀ, ਡਾ. ਨੀਤਿਕਾ ਸੋਨੀ, ਡਾ. ਵਿਨੀਤ ਧਾਲੀਵਾਲ ਅਤੇ ਡਾ. ਵਰਿੰਦਰ ਅੱਤਰੀ ਵੀ ਇਸ ਸਮਾਰੋਹ 'ਚ ਹਾਜ਼ਰ ਸਨ।